ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

**ਨੰਬਰ** 79231

**ਮਿਤੀ** 23/11/2024

## ਸਰਕੂਲਰ

**ਪ੍ਰਿੰਸੀਪਲ ਸਾਹਿਬਾਨ,**
ਸਕੂਲਜ਼/ਕਾਲਜਿਜ਼,
ਪ੍ਰਬੰਧ ਅਧੀਨ-ਸ਼੍ਰੋ:ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

**ਪ੍ਰੋ:- ਗਰੁੱਪ ਮੈਡੀਕਲ ਅਤੇ ਐਕਸੀਡੈਂਟ ਬੀਮੇ ਸਬੰਧੀ।**

ਸ੍ਰੀਮਾਨ/ਬੀਬੀ ਜੀ,

ਦਫਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪੱਤਰ ਨੰ:7986-ਅ, ਮਿਤੀ 04-11-2024 ਰਾਹੀਂ ਗਰੁੱਪ ਮੈਡੀਕਲ ਅਤੇ ਐਕਸੀਡੈਂਟ ਬੀਮਾ ਕਰਵਾਉਣ ਸਬੰਧੀ ਜਾਰੀ ਸਰਕੂਲਰ ਦੀ ਕਾਪੀ ਭੇਜਦਿਆਂ ਲਿਖਿਆ ਜਾਂਦਾ ਹੈ ਕਿ ਆਪ ਜੀ ਨੇ ਇਸ ਸਬੰਧੀ ਅਗਲੇਰੀ ਲੋੜੀਂਦੀ ਕਾਰਵਾਈ ਕਰਨ/ਕਰਵਾਉਣ ਦੀ ਖੇਚਲ ਕਰਨੀ।

ਸ਼ੁਭਚਿੰਤਕ,

**ਨੱਥੀ:-ਸਰਕੂਲਰ ਦੀ ਕਾਪੀ।**

**ਮੀਤ ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਉਤਾਰਾ:-
1. ਦਫਤਰ-ਸਕੱਤਰ ਸਾਹਿਬ (ਵਿੱਦਿਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
2. ਡਾਇਰੈਕਟਰ ਜੀ, ਡਾਇਰੈਕਟੋਰੇਟ ਆਫ ਐਜੂਕੇਸ਼ਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਬਹਾਦਰਗੜ੍ਹ (ਪਟਿਆਲਾ)।
3. ਇੰਚਾਰਜ ਜੀ (ਅਮਲਾ ਬੀਮਾ ਵਿਭਾਗ) ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
4. ਸਹਾਇਕ ਡਾਇਰੈਕਟਰ ਜੀ (ਸਕੂਲਜ਼) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
5. ਇੰਟਰਨਲ ਆਡੀਟਰ ਜੀ (ਵਿੱਦਿਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 7986ਮ ਮਿਤੀ 04-11-2024

**ਮੈਨੇਜਰ ਸਾਹਿਬਾਨ,**
ਸਮੂੰਹ ਗੁ: ਸਾਹਿਬਾਨ ਸੈਕਸ਼ਨ-85,
ਸ਼੍ਰੋਮਣੀ ਗੁ: ਪ੍ਰ: ਕਮੇਟੀ।

**ਪ੍ਰਯੋਜਨ:- ਸਰਕੂਲਰ**
**(ਗਰੁੱਪ ਮੈਡੀਕਲ ਅਤੇ ਗਰੁੱਪ ਐਕਸੀਡੈਂਟ ਬੀਮੇ ਸਬੰਧੀ)**

ਮਾਣਯੋਗ ਪ੍ਰਧਾਨ ਸਾਹਿਬ, ਅਹੁਦੇਦਾਰ ਸਾਹਿਬਾਨ, ਅੰਤ੍ਰਿੰਗ ਕਮੇਟੀ ਮੈਂਬਰ ਸਾਹਿਬਾਨ/ਮੈਂਬਰ ਸਾਹਿਬਾਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ, ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ, ਸਮੂੰਹ ਗੁ: ਸਾਹਿਬਾਨ ਸੈਕਸ਼ਨ-85, ਸੈਕਸ਼ਨ 87 ਦੇ ਸਿੱਧੇ ਪ੍ਰਬੰਧ ਵਾਲੇ ਤੇ ਅਟੈਚ ਪ੍ਰਬੰਧ ਵਾਲੇ ਗੁ: ਸਾਹਿਬ, ਵਿਦਿਅਕ ਅਦਾਰਿਆਂ, ਸਕੂਲਾਂ/ਕਾਲਜਾਂ, ਟਰੱਸਟਾਂ, ਹਸਪਤਾਲਾਂ, ਪ੍ਰੈੱਸਾਂ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨਾਲ ਸਬੰਧਤ ਅਦਾਰਿਆਂ ਦੇ ਮੁਲਾਜਮਾਂ ਦਾ ਇੱਕ ਸਾਲ ਲਈ ਗਰੁੱਪ ਮੈਡੀਕਲ ਅਤੇ ਗਰੁੱਪ ਐਕਸੀਡੈਂਟ ਬੀਮਾ ਕਰਾਉਣ ਸਬੰਧੀ ਵੱਖ-ਵੱਖ ਅਖਬਾਰਾਂ ਰਾਹੀਂ ਬੀਮਾ ਕੰਪਨੀਆਂ ਪਾਸੋਂ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਸੀ। ਵੱਖ-ਵੱਖ ਬੀਮਾ ਕੰਪਨੀਆਂ ਵੱਲੋਂ ਪੁੱਜੀਆਂ ਕੁਟੇਸ਼ਨਾਂ ਖੋਲ੍ਹਣ ਉਪਰੰਤ **'ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ'**, ਧਰਮ ਸਿੰਘ ਮਾਰਕੀਟ, ਸ੍ਰੀ ਅੰਮ੍ਰਿਤਸਰ ਵੱਲੋਂ ਗਰੁੱਪ ਮੈਡੀਕਲ ਬੀਮੇ ਲਈ ਦਿੱਤਾ **ਪ੍ਰੀਮੀਅਮ/ਰੇਟ 8000 + 18% ਜੀ.ਐਸ.ਟੀ. 1440/- = ਕੁੱਲ 9440/-ਰੁਪਏ ਪ੍ਰਤੀ ਲੱਖ (ਤਿੰਨ ਲੱਖ ਰੁਪਏ ਦਾ ਸਮੇਤ ਜੀ.ਐਸ.ਟੀ. 28320/-ਰੁਪਏ)** ਦੂਜੀਆਂ ਬੀਮਾ ਕੰਪਨੀਆਂ ਨਾਲੋਂ ਘੱਟ ਹੋਣ ਕਾਰਨ **'ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ'** ਦੀ ਕੁਟੇਸ਼ਨ ਪ੍ਰਵਾਨ ਕਰਨ ਸਬੰਧੀ ਸਬ-ਕਮੇਟੀ ਵੱਲੋਂ ਕੀਤੀ ਸਿਫਾਰਿਸ਼ ਦੇ ਅਧਾਰਪੁਰ ਮਾਣਯੋਗ ਪ੍ਰਧਾਨ ਸਾਹਿਬ ਨੇ ਉਕਤ ਬੀਮਾ ਕੰਪਨੀ ਦੀ ਕੁਟੇਸ਼ਨ ਪ੍ਰਵਾਨ ਕਰਦਿਆਂ ਗਰੁੱਪ ਮੈਡੀਕਲ ਬੀਮਾ **(ਪ੍ਰਤੀ ਯੂਨਿਟ 3 ਲੱਖ ਰੁਪਏ)** ਉਕਤ ਬੀਮਾ ਕੰਪਨੀ ਪਾਸੋਂ ਕਰਾਉਣ, ਅਹੁੱਦੇਦਾਰ ਸਾਹਿਬਾਨ, ਅੰਤ੍ਰਿੰਗ ਮੈਂਬਰ ਸਾਹਿਬਾਨ, ਮੈਂਬਰ ਸਾਹਿਬਾਨ ਦੇ ਗਰੁੱਪ ਮੈਡੀਕਲ ਬੀਮੇ ਦੇ ਪ੍ਰੀਮੀਅਮ ਦੀ ਬਣਦੀ ਕੁੱਲ ਰਕਮ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਫੰਡਾਂ ਵਿੱਚੋਂ ਅਤੇ ਮੁਲਾਜਮਾਂ ਦੇ ਕੁੱਲ ਪ੍ਰੀਮੀਅਮ ਦਾ ਅੱਧਾ ਹਿੱਸਾ ਸੰਸਥਾ ਦੇ ਫੰਡਾਂ ਵਿੱਚੋਂ ਤੇ ਬਾਕੀ ਅੱਧਾ ਹਿੱਸਾ ਮੁਲਾਜਮਾਂ ਦੀਆਂ ਤਨਖਾਹਾਂ ਵਿੱਚੋਂ ਕੱਟ ਕੇ ਬੀਮਾ ਕੰਪਨੀ ਨੂੰ ਅਦਾ ਕਰਨ ਅਤੇ ਉਕਤ ਫੈਸਲੇ ਅਨੁਸਾਰ ਨੀਯਤ ਸ਼ਰਤਾਂ ਪੁਰ ਗਰੁੱਪ ਮੈਡੀਕਲ ਬੀਮਾ ਕਰਨ/ਕਰਾਉਣ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨਾਲ ਸਬੰਧਤ ਸੰਸਥਾਵਾਂ ਦੇ ਮੁਲਾਜਮ ਜੋ ਈ.ਐਸ.ਆਈ. ਦੀ ਸਹੂਲਤ ਪ੍ਰਾਪਤ ਕਰ ਰਹੇ ਹਨ ਉਹਨਾਂ ਮੁਲਾਜਮਾਂ ਦੇ ਮੈਡੀਕਲ ਬੀਮੇ ਦੇ ਪ੍ਰੀਮੀਅਮ ਦਾ ਅੱਧਾ ਹਿੱਸਾ ਸੰਸਥਾ ਵੱਲੋਂ ਅਦਾ ਨਹੀਂ ਕੀਤਾ ਜਾਵੇਗਾ। ਉਹ ਆਪਣਾ ਗਰੁੱਪ ਮੈਡੀਕਲ ਬੀਮਾ ਆਪਣੇ ਪਾਸੋਂ ਪੂਰਾ ਪ੍ਰੀਮੀਅਮ ਦੇ ਕੇ ਆਪਣੇ ਖੁੱਦ ਦੇ ਖਰਚੇ ਉਤੇ ਕਰਵਾ ਸਕਦੇ ਹਨ। ਜੋ ਆਰਜੀ ਮੁਲਾਜਮ ਅਤੇ ਸਾਬਕਾ ਮੈਂਬਰ ਸਾਹਿਬਾਨ ਆਪਣਾ ਮੈਡੀਕਲ ਬੀਮਾ ਕਰਾਉਣ ਦੇ ਚਾਹਵਾਨ ਹੋਣ, ਉਹ ਵੀ ਆਪਣੇ ਖੁੱਦ ਦੇ ਖਰਚੇ ਪੁਰ ਮੈਡੀਕਲ ਬੀਮਾ ਕਰਵਾ ਸਕਦੇ ਹਨ। ਸਬ-ਕਮੇਟੀ ਵੱਲੋਂ ਕੀਤੀ ਸਿਫਾਰਿਸ਼ ਮਿਤੀ 24/10/2024 ਪ੍ਰਵਾਨ ਕੀਤੀ ਹੈ।

ਇਸ ਤੋਂ ਇਲਾਵਾ ਮਾਣਯੋਗ ਪ੍ਰਧਾਨ ਸਾਹਿਬ ਨੇ ਜੋ ਸਾਬਕਾ (ਰਿਟਾਇਰ ਹੋਏ/ਅਸਤੀਫਾ ਦੇ ਚੁੱਕੇ ਸਮੇਤ ਸਕੂਲ/ਕਾਲਜਾਂ) ਮੁਲਾਜਮ ਬੀਮਾ ਕਰਾਉਣ ਦੇ ਚਾਹਵਾਨ ਹੋਣ, ਉਹ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 858 ਮਿਤੀ 20/09/2022 ਅਤੇ ਮਤਾ ਨੰ: 203 ਮਿਤੀ 27/01/2023 ਦੀ ਮਨਸ਼ਾ ਅਨੁਸਾਰ ਸੇਵਾਦਾਰ, ਹੈਲਪਰ ਅਤੇ ਇਹਨਾਂ ਪੋਸਟਾਂ ਦੇ ਬਰਾਬਰ ਦੀਆਂ ਪੋਸਟਾਂ ਵਾਲੇ ਰਿਟਾਇਰ ਹੋਏ/ਅਸਤੀਫਾ ਦੇ ਚੁੱਕੇ ਮੁਲਾਜਮਾਂ (ਸਮੇਤ ਸਕੂਲ/ਕਾਲਜਾਂ) ਦਾ 50% ਹਿੱਸਾ ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਅਤੇ 50% ਹਿੱਸਾ ਸਾਬਕਾ ਮੁਲਾਜਮਾਂ ਪਾਸੋਂ ਅਤੇ ਇਸੇ ਤਰ੍ਹਾਂ ਇਹਨਾਂ ਪੋਸਟਾਂ ਤੋਂ ਉਪਰਲੀਆਂ ਪੋਸਟਾਂ ਤੋਂ ਰਿਟਾਇਰ ਹੋਏ/ਅਸਤੀਫਾ ਦੇ ਚੁੱਕੇ ਮੁਲਾਜਮਾਂ (ਸਮੇਤ ਸਕੂਲ/ਕਾਲਜਾਂ) ਦਾ 35% ਹਿੱਸਾ ਦਫਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ 65% ਹਿੱਸਾ ਸਬੰਧਤ ਸਾਬਕਾ ਮੁਲਾਜਮਾਂ ਉਕਤ ਬੀਮਾ ਕੰਪਨੀ ਪਾਸੋਂ ਤਹਿ ਹੋਏ ਰੇਟਾਂ/ਨੀਯਤ ਸ਼ਰਤਾਂ ਅਨੁਸਾਰ ਗਰੁੱਪ ਮੈਡੀਕਲ ਬੀਮਾ ਕਰਵਾ ਸਕਦੇ ਹਨ, ਸਬ-ਕਮੇਟੀ ਵੱਲੋਂ ਕੀਤੀ ਸਿਫਾਰਿਸ਼ ਮਿਤੀ 24/10/2024 ਪ੍ਰਵਾਨ ਕੀਤੀ ਹੈ।

ਇਸ ਤੋਂ ਇਲਾਵਾ ਗਰੁੱਪ ਐਕਸੀਡੈਂਟ ਬੀਮੇ ਲਈ ਵੀ **ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਦਾ ਰੇਟ/ਪ੍ਰੀਮੀਅਮ ਦੂਜੀ ਬੀਮਾ ਕੰਪਨੀ ਨਾਲੋਂ ਘੱਟ ਹੋਣ ਕਾਰਨ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਵੱਲੋਂ ਦਿੱਤਾ ਪ੍ਰੀਮੀਅਮ/ਰੇਟ ਪ੍ਰਤੀ ਲੱਖ ਪ੍ਰੀਮੀਅਮ 50/-ਰੁਪਏ + 18% ਜੀ.ਐਸ.ਟੀ. 9/- = ਕੁੱਲ 59/-ਰੁਪਏ** ਅਨੁਸਾਰ ਮਾਣਯੋਗ ਪ੍ਰਧਾਨ ਸਾਹਿਬ ਦਾ 24 ਲੱਖ ਅਤੇ ਅਹੁੱਦੇਦਾਰ ਸਾਹਿਬਾਨ, ਅੰਤ੍ਰਿੰਗ ਮੈਂਬਰ ਸਾਹਿਬਾਨ/ਮੈਂਬਰ ਸਾਹਿਬਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦਾ 12/-, 12/-ਲੱਖ ਰੁਪਏ ਦਾ ਐਕਸੀਡੈਂਟ ਬੀਮਾ ਪਹਿਲਾਂ ਚਲ ਰਿਹਾ ਬੀਮਾ ਖਤਮ ਹੋਣ ਉਪਰੰਤ

ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 7986m ਮਿਤੀ 04-11-2024

ਸੰਸਥਾ ਦੇ ਫੰਡਾਂ ਵਿੱਚੋਂ ਅਤੇ ਸਮੂੰਹ ਅਦਾਰਿਆਂ ਦੇ ਸਮੂੰਹ ਮੁਲਾਜਮਾਂ ਦਾ ਉਕਤ ਕੰਪਨੀ ਪਾਸੋਂ ਮੁਲਾਜਮਾਂ ਦਾ ਆਪਣੇ-ਆਪਣੇ ਖਰਚੇ ਪੁਰ ਐਕਸੀਡੈਂਟ ਬੀਮਾ ਕੁੱਲ ਤਨਖਾਹ 8000/-ਰੁਪਏ ਤੀਕ 6 ਲੱਖ ਰੁਪਏ, 8001-15000/-ਰੁਪਏ ਤੀਕ 9 ਲੱਖ ਰੁਪਏ ਅਤੇ 15000/-ਰੁਪਏ ਤੋਂ ਵੱਧ ਤਨਖਾਹ ਲੈਣ ਵਾਲੇ ਮੁਲਾਜਮਾਂ ਦਾ 12 ਲੱਖ ਰੁਪਏ ਦਾ ਗਰੁੱਪ ਐਕਸੀਡੈਂਟ ਬੀਮਾ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਟਿਡ ਪਾਸੋਂ ਕਰਨ/ਕਰਾਉਣ ਸਬੰਧੀ ਕੀਤੀ ਸਬ-ਕਮੇਟੀ ਵੱਲੋਂ ਕੀਤੀ ਸਿਫਾਰਿਸ਼ ਮਿਤੀ 24/10/2024 ਮਾਣਯੋਗ ਪ੍ਰਧਾਨ ਸਾਹਿਬ ਨੇ ਪ੍ਰਵਾਨ ਕੀਤੀ ਹੈ।

ਜਿਹੜੇ ਮੁਲਾਜਮਾਂ ਦੀ ਤਨਖ਼ਾਹ ਕੁੱਲ ਭੱਤੇ ਸਮੇਤ 20,000/- ਰੁਪਏ ਮਾਸਿਕ ਤੀਕ ਹੈ, ਉਨ੍ਹਾਂ ਦਾ ਮੈਡੀਕਲ ਬੀਮੇ ਦੇ ਪ੍ਰੀਮੀਅਮ ਦਾ ਹਿੱਸਾ ਤਨਖ਼ਾਹ ਵਿੱਚੋਂ ਤਿੰਨ ਮਾਸਿਕ ਕਿਸ਼ਤਾਂ ਵਿੱਚ ਜਮ੍ਹਾਂ ਕਰ ਲਿਆ ਜਾਵੇ, ਪ੍ਰੰਤੂ ਬੀਮਾ ਕੰਪਨੀ ਨੂੰ ਸੰਸਥਾ ਵੱਲੋਂ ਪੂਰੀ ਰਕਮ ਸਮੇਂ ਸਿਰ ਜਮ੍ਹਾਂ ਕਰਵਾ ਦਿੱਤੀ ਜਾਵੇ।

ਆਪ ਵੱਲੋਂ ਆਪਣੇ ਦਫਤਰ/ਗੁਰਦੁਆਰਾ ਸਾਹਿਬ/ਅਦਾਰੇ ਵਿੱਚ ਮਿਤੀ 08/11/2024 ਨੂੰ ਹਾਜਰ ਮੁਲਾਜਮਾਂ ਦਾ ਗਰੁੱਪ ਮੈਡੀਕਲ ਅਤੇ ਐਕਸੀਡੈਂਟ ਬੀਮਾ ਕਰਾਉਣ ਸਬੰਧੀ (ਪਹਿਲਾ ਬੀਮਾ ਖਤਮ ਹੋਣ ਦੇ ਹਿਸਾਬ ਨਾਲ) ਲਿਸਟਾਂ, ਫੋਟੋ ਪ੍ਰੋਫਾਰਮੇਂ ਅਤੇ ਪ੍ਰੀਮੀਅਮ ਦੇ ਚੈੱਕ **ਮੁੱਖ ਸਕੱਤਰ/ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਨਾਮ ਤਿਆਰ ਕਰਕੇ, ਇੰਟਰਨਲ ਆਡੀਟਰ ਜੀ, ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸੋਂ ਤਸਦੀਕ ਕਰਵਾ ਕੇ ਹਰ ਹਾਲਤ ਵਿੱਚ ਮਿਤੀ 08/11/2024 ਤੀਕ ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ (ਅਮਲਾ ਬ੍ਰਾਂਚ) ਵਿਖੇ ਪੁੱਜ ਜਾਣੇ ਚਾਹੀਦੇ ਹਨ। ਅਤੀ ਜਰੂਰੀ ਹੈ।

**ਨੋਟ:-**

1. **ਸਮੁੱਚੇ ਮੁਲਾਜਮਾਂ ਦਾ ਮੈਡੀਕਲ/ਐਕਸੀਡੈਂਟ ਬੀਮਾ ਕਰਾਉਣਾ ਲਾਜਮੀ ਹੈ, ਜੋ ਮੁਲਾਜਮ ਮੈਡੀਕਲ ਬੀਮਾ ਨਹੀਂ ਕਰਾਉਣਾ ਚਾਹੁੰਦੇ ਉਹਨਾਂ ਪਾਸੋਂ ਦਫਤਰ ਦੀ ਸਰਕੂਲਰ ਪੱਤ੍ਰਿਕਾ ਨੰ: 7918 ਮਿਤੀ 30/10/2024 ਅਨੁਸਾਰ ਸਬੂਤ/ਲਿਖਤੀ ਲੈ ਲਿਆ ਜਾਵੇ।**
2. **ਬੀਮਾ ਕੰਪਨੀ ਨਾਲ ਤਹਿ ਹੋਈਆ ਸ਼ਰਤਾਂ ਦੀ ਫੋਟੋ ਕਾਪੀ ਅਮਲਾ ਬ੍ਰਾਂਚ, ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸੋਂ ਪ੍ਰਾਪਤ ਕਰ ਲਈ ਜਾਵੇ।**
3. **ਲਿਸਟਾਂ, ਫੋਟੋ ਪ੍ਰੋਫਾਰਮੇਂ ਅਤੇ ਬੈਂਕ ਚੈੱਕ ਫੋਟੋ ਕਾਪੀ ਦੋ ਸੈੱਟ ਵੀ ਨਾਲ ਲਿਆਂਦੇ ਜਾਣ।**
4. **ਜਿਨ੍ਹਾਂ ਅਦਾਰਿਆਂ ਦਾ ਮੈਡੀਕਲ ਬੀਮਾ ਅਤੇ ਐਕਸੀਡੈਂਟ ਬੀਮਾ ਪਾਲਸੀਆਂ ਲੇਟ ਹੋਈਆਂ ਹਨ ਉਹ ਆਪਣੀਆਂ ਪਾਲਿਸੀਆਂ ਖਤਮ ਹੋਣ ਤੋਂ 15 ਦਿਨ ਪਹਿਲਾਂ ਕਾਗਜਾਤ ਦਫਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਖੇ ਜਮ੍ਹਾ ਕਰਾਉਣ।**

ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

**ਉਤਾਰਾ:-**

1. ਸਕੱਤਰ ਸਾਹਿਬ ( ), ਸ਼੍ਰੋਮਣੀ ਕਮੇਟੀ।
2. ਐਡੀ: ਸਕੱਤਰ ਜੀ ( ), ਸ਼੍ਰੋਮਣੀ ਕਮੇਟੀ।
3. ਓ.ਐਸ.ਡੀ. ਜੀ, ਮੁੱਖ ਸਕੱਤਰ, ਸ਼੍ਰੋਮਣੀ ਕਮੇਟੀ।
4. ਮੀਤ ਸਕੱਤਰ ਜੀ ( ), ਸ਼੍ਰੋਮਣੀ ਕਮੇਟੀ।
5. ਇੰਚਾਰਜ ਜੀ ਅਮਲਾ, ਸ਼੍ਰੋਮਣੀ ਕਮੇਟੀ।
6. ਇੰਚਾਰਜ ਜੀ ਵਿਦਿਆ ਵਿਭਾਗ, ਸ਼੍ਰੋਮਣੀ ਕਮੇਟੀ ਪਾਸ ਸਕੂਲਾਂ/ਕਾਲਜਾਂ ਨੂੰ ਜਾਣੂੰ ਕਰਾਉਣ ਹਿੱਤ।
7. ਇੰਚਾਰਜ ਜੀ ਟਰੱਸਟ ਬ੍ਰਾਂਚ, ਸ਼੍ਰੋਮਣੀ ਕਮੇਟੀ।
8. ਚੀਫ ਅਕਾਊਂਟੈਂਟ ਜੀ, ਸ਼੍ਰੋਮਣੀ ਕਮੇਟੀ।
9. ਇੰਟਰਨਲ ਆਡੀਟਰ ਜੀ, ਸ਼੍ਰੋਮਣੀ ਕਮੇਟੀ।
10. ਸਮੂੰਹ ਪ੍ਰਿੰਟਿੰਗ ਪ੍ਰੈਸਾਂ
11. ਮੈਡੀਕਲ ਸੁਪ੍ਰਿੰਟੈਂਡੈਂਟ ਜੀ, ਬਾਬਾ ਬੁੱਢਾ ਚੈਰੀਟੇਬਲ ਹਸਪਤਾਲ, ਬੀੜ ਸਾਹਿਬ, ਠੱਠਾ, ਤਰਨ ਤਾਰਨ।



KAMAL PREET KAUR

Digitally signed by KAMAL PREET KAUR
DN: c=IN, postalCode=152107, st=PUNJAB, street=HOUSE NUMBER 55 ,STREET NUMBER 5 ,SRI MUKTSAR SAHIB,152107, l=SRI MUKTSAR SAHIB, o=Personal, serialNumber=2e87a73c450b8aa180c0c58c20c51960ae3edfc45929960493398a3f163a03c2, pseudonym=37b89eff1e874b68afcf5c68cdbf1739, 2.5.4.20=6239c1b9a13ec577cf1fd92591e473e1634023c590f6989bc586359606915228, email=MSKGCOLLEGE@GMAIL.COM, cn=KAMAL PREET KAUR
Date: 2025.02.02 12:24:21 +05'30'